Ordnance Survey

Ordnance Survey
Romsey Road
SOUTHAMPTON
United Kingdom
SO16 4GU

ਅਗਸਤ 2008

ਗਾਹਕ ਸੰਪਰਕ ਸੈਂਟਰ: 08456 05 05 05
ਫ਼ੈਕਸ: (+44) 023 8079 2615
ਟੈਕਸਟਫ਼ੋਨ: 023 8079 2906
(ਕਿਰਪਾ ਕਰਕੇ ਸਿਰਫ਼ ਸੁਣਨ ਵਿਚ ਮੁਸ਼ਕਿਲ ਵਾਲੇ ਲੋਕਾਂ ਵਲੋਂ ਵਰਤੇ ਜਾਣ ਲਈ)
ਵੈਬ: www.ordnancesurvey.co.uk

ਸਾਡਾ ਹਵਾਲਾ: FM7E

ਪਿਆਰੇ ਮਾਤਾ-ਪਿਤਾ/ਸਰਪ੍ਰਸਤ

**11-ਸਾਲ ਦੇ ਬੱਚਿਆਂ ਲਈ ਮੁਫ਼ਤ ਨਕਸ਼ੇ – 2008: ਤੁਹਾਡੇ ਬੱਚੇ ਲਈ ਬਰਤਾਨੀਆ ਅਤੇ ਆਇਰਲੈਂਡ ਦੇ ਓਰਡਨੈਂਨਸ ਸਰਵੇ [Ordnance Survey] ਸਬੰਧੀ ਮੁਫ਼ਤ ਨਕਸ਼ਾ ਉਪਲਬਧ ਕਰਨਾ**

ਅੱਜ ਤੁਹਾਡੇ ਬੱਚੇ ਨੂੰ ਸਕੂਲ ਵਲੋਂ 1:25 000 ਸਕੇਲ Explorer™ Ordnance Survey ਦਾ ਇੱਕ ਮੁਫ਼ਤ ਨਕਸ਼ਾ ਦਿੱਤਾ ਗਿਆ ਹੈ। ਇਹ ਨਕਸ਼ੇ ਸਾਲ 7/ਪ੍ਰਾਇਮਰੀ 7 ਦੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਨਕਸ਼ੇ ਨੂੰ ਪੜ੍ਹਣ ਦੀਆਂ ਮੁਹਾਰਤਾਂ ਨੂੰ ਵਿਕਸਿਤ ਕਰਨ ਲਈ ਦਿੱਤੇ ਜਾ ਰਹੇ ਹਨ। ਇਹ ਨਕਸ਼ਾ ਤੁਹਾਡੇ ਬੱਚੇ ਦਾ ਹੈ ਅਤੇ ਇਹ ਉਹਨਾਂ ਨੂੰ ਆਪਣੇ ਕੋਲ ਰਖਣ ਲਈ ਹੈ।

ਟੀਚਰ ਕਦੀ ਕਦਾਈਂ ਬੱਚਿਆਂ ਨੂੰ ਸਕੂਲ ਵਿਚ ਆਪਣੇ ਨਕਸ਼ੇ ਲਿਆਉਣ ਲਈ ਕਹਿਣਗੇ। ਉਹਨਾਂ ਦੀ ਭੂਗੋਲ ਦੇ ਪਾਠਾਂ ਵਿਚ ਵਰਤੋਂ ਕੀਤੀ ਜਾਏਗੀ, ਜਿਥੇ ਉਹ ਰਾਸ਼ਟਰੀ ਪਾਠਕ੍ਰਮ ਦੇ ਹਿੱਸੇ ਵਿਚ ਨਕਸ਼ੇ ਦੀ ਵਰਤੋਂ ਕਿਵੇਂ ਕੀਤੀ ਜਾਏ, ਸਿਖਣਗੇ, ਪਰ ਇਹਨਾਂ ਦੀ ਹੋਰਨਾਂ ਵਿਸ਼ਿਆਂ ਵਿਚ ਵੀ ਵਰਤੋਂ ਕੀਤੀ ਜਾ ਸਕਦੀ ਹੈ। ਜ਼ਿਆਦਾਤਰ ਸਕੂਲ ਨਕਸ਼ੇ ਦੀ ਵਰਤੋਂ ਲਈ ਸਕੂਲ ਦੇ ਨੇੜੇ ਤੇੜੇ ਦੀਆਂ ਥਾਵਾਂ ਜਾਂ ਜਿਥੇ ਉਹ ਆਪਣੇ ਵਿਦਿਆਰਥੀਆਂ ਨਾਲ ਬਾਕਾਇਦਗੀ ਨਾਲ ਜਾ ਸਕਣ ਦੀ ਚੋਣ ਕਰਨਗੇ। ਕਈ ਬੱਚੇ ਨਕਸ਼ੇ 'ਤੇ ਉਹਨਾਂ ਦਾ ਘਰ ਅਤੇ ਸਕੂਲ ਵਿਖਾਏ ਜਾਣ ਦੇ ਮਾਮਲੇ ਵਿਚ ਚੋਖੇ ਖ਼ੁਸ਼ਕਿਸਮਤ ਹੋਣਗੇ।

ਤੁਹਾਡਾ ਬੱਚਾ ਆਪਣੇ ਨਕਸ਼ੇ ਦੀ ਵਰਤੋਂ ਕਰਨਾ ਕਿਵੇਂ ਸਿਖੇ, ਦੀ ਮਦਦ ਲਈ, ਉਹਨਾਂ ਨੂੰ *ਨਕਸ਼ਾ ਪੜ੍ਹਣਾ ਬਹਤ ਹੀ ਅਸਾਨ [Map reading made easy peasy]* ਨਾਮਕ ਪੁਸਤਿਕਾ ਵੀ ਦਿੱਤੀ ਗਈ ਹੈ, ਜੋ ਖ਼ਾਸ ਤੌਰ 'ਤੇ ਬੱਚਿਆਂ ਲਈ ਲਿਖੀ ਗਈ ਹੈ। ਇਸ ਵਰ੍ਹੇ, ਸਾਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਸਾਨੂੰ ਟਾਈਮ ਟੀਮ ਨਾਲ ਇੱਕ ਜ਼ੋਰਦਾਰ ਦਿਨ ਬਾਹਰ ਗੁਜ਼ਾਰਣ ਦੇ ਨਾਲ ਇੱਕ ਮੁਕਾਬਲੇ ਵਿਚ ਸ਼ਾਮਿਲ ਹੋਣ ਦਾ ਮੌਕਾ ਵੀ ਮਿਲਿਆ ਹੈ। ਜੇ ਤੁਹਾਡਾ ਬੱਚਾ ਮੁਕਾਬਲੇ ਵਿਚ ਸ਼ਾਮਿਲ ਹੋਣਾ ਚਾਹੁੰਦਾ ਹੈ, ਤਾਂ ਤੁਹਾਨੂੰ ਦਾਖ਼ਲਾ ਫ਼ਾਰਮ 'ਤੇ ਦਸਤਖ਼ਤ ਕਰਕੇ ਆਪਣੀ ਇਜਾਜ਼ਤ ਜ਼ਰੂਰ ਦੇਣੀ ਚਾਹੀਦੀ ਹੈ।

ਤੁਸੀਂ ਉਹਨਾਂ ਨੂੰ ਉਹਨਾਂ ਦੇ ਨਕਸ਼ੇ ਉਤਲੀਆਂ ਥਾਵਾਂ ਵਿਖਾਉਣ ਲਈ ਕਹਿਕੇ ਉਹਨਾਂ ਦੇ ਨਕਸ਼ਾ ਵੇਖਣ ਦੀਆਂ ਮੁਹਾਰਤਾਂ ਵਿਚ ਸੁਧਾਰ ਕਰਕੇ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ ਅਤੇ ਜਦੋਂ ਉਹ ਬਾਹਰ ਹੋਣ, ਉਹਨਾਂ ਨੂੰ ਇਸਦੀ ਵਰਤੋਂ ਕਰਨ ਲਈ ਉਤਸਾਹਿਤ ਕਰੋ।

ਆਪਣੇ ਬੱਚੇ ਦੇ ਮੁਫ਼ਤ ਨਕਸ਼ੇ ਨਾਲ ਸਿਖਣ ਦਾ ਅਨੰਦ ਮਾਣਨ ਲਈ ਉਸਦੀ ਮਦਦ ਕਰਨ ਲਈ ਤੁਹਾਨੂੰ ਅਗਾਊਂ ਧੰਨਵਾਦ।

ਇਸ ਪੱਤਰ ਦੇ ਅਨੁਵਾਦ 10 ਭਾਸ਼ਾਵਾਂ ਵਿਚ ਮੁਫ਼ਤ ਨਕਸ਼ੇ [Free maps] ਵੈਬਸਾਈਟ ਤੋਂ ਡਾਊਨਲੋਡ ਕਰਨ ਲਈ ਉਪਲਬਧ ਹਨ, ਕਿਰਪਾ ਕਰਕੇ ਹੋਰ ਜਾਣਕਾਰੀ ਲਈ ਸਾਈਟ 'ਤੇ ਅਕਸਰ ਪੁੱਛੇ ਜਾਣ ਵਾਲੇ ਸੁਆਲਾਂ [FAQ] ਦਾ ਸੈਕਸ਼ਨ ਵੇਖੋ।

ਤੁਹਾਡਾ ਸ਼ੁਭਚਿੰਤਕ

**ਰੋਜਰ ਜੀਨਸ**
**[Roger Jeans]**
ਸਿਖਿਆ ਮੈਨੇਜਰ

Business in the Community AWARDS 2008